ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 07-02-2014 ਨੂੰ ਬਾਅਦ ਦੁਪਹਿਰ 4.40 ਵਜੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 16ਵੀਂ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਸੁਖਬੀਰ ਸਿੰਘ ਬਾਦਲ,
ਉਪ ਮੁੱਖ ਮੰਤਰੀ-ਕਮ-ਮੰਤਰੀ ਇੰਚਾਰਜ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

2) ਸ੍ਰੀ ਰਾਕੇਸ਼ ਸਿੰਘ, ਆਈ.ਏ.ਐਸ.
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

3) ਸ੍ਰੀ ਏ.ਵੇਣੂੰ ਪ੍ਰਸਾਦ, ਆਈ.ਏ.ਐਸ.
ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

4) ਸ੍ਰੀ ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ.
ਸਕੱਤਰ, ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ।

5) ਸ੍ਰੀ ਜੀ. ਰਮੇਸ ਕੁਮਾਰ, ਆਈ.ਏ.ਐਸ.
ਸਕੱਤਰ (ਵਿੱਤ)
ਪੰਜਾਬ, ਚੰਡੀਗੜ੍ਹ।
(ਪ੍ਰਮੁੱਖ ਸਕੱਤਰ, ਵਿੱਤ ਵਿਭਾਗ ਦਾ ਨੁਮਾਇੰਦਾ)

6) ਸ੍ਰੀ ਹਰਨੇਕ ਸਿੰਘ
ਮੁੱਖ ਨਗਰ ਯੋਜਨਾਕਾਰ, ਪੰਜਾਬ
ਐਸ.ਏ.ਐਸ. ਨਗਰ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿੱਚ ਸਾਮਲ ਹੋਏ:-

ਸ੍ਰੀਮਤੀ ਨਵਜੋਤ ਕੌਰ, ਪੀ.ਸੀ.ਐਸ.
ਵਧੀਕ ਮੁੱਖ ਪ੍ਰਸਾਸ਼ਕ, ਗਮਾਡਾ,
ਐਸ.ਏ.ਐਸ. ਨਗਰ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਮੱਦ ਨੰ: 16.01**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 15ਵੀਂ ਮੀਟਿੰਗ ਜੋ ਮਿਤੀ 28-05-2013 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।**

ਵਿਚਾਰ ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 16.02

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 15ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

ਮੱਦ ਨੰ: 16.03

**ਮੈਟ੍ਰਿਕ ਵਿੱਚ 80% ਅਤੇ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ Meritorious ਵਿਦਿਆਰਥੀਆਂ ਲਈ ਗਿਆਰਵੀਂ ਅਤੇ ਬਾਰਵੀਂ ਕਲਾਸ ਲਈ ਵੱਖਰੇ ਰਿਹਾਇਸੀ ਸਕੂਲ ਖੋਲਣ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 16.04

**ਐਸ.ਏ.ਐਸ ਨਗਰ ਦੇ ਸੈਕਟਰ 70 ਵਿਖੇ ਸਰਕਾਰੀ ਸਕੂਲ ਦੀ ਉਸਾਰੀ ਲਈ ਸੋਸ਼ਲ ਇਨਫਰਾਸਟਰਕਚਰ ਫੰਡ ਵਿੱਚੋਂ ਰਕਮ ਖਰਚ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.05

**ਰਿਹਾਇਸ਼ੀ/ਕਮਰਸ਼ੀਅਲ/ਇੰਨਸਟੀਚਿਊਸ਼ਨਲ ਅਤੇ ਚੰਕ ਸਾਈਟ ਦੀ ਬੋਲੀ ਰਾਹੀਂ ਵੇਚਣ ਸਬੰਧੀ ਸ਼ਰਤਾਂ ਨਿਰਧਾਰਤ ਕਰਨ ਬਾਰੇ ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 16.06

**ਇੰਨਫੋਟੈਕ ਪੰਜਾਬ ਨੂੰ ਈ.ਐਸ.ਡੀ.ਐਮ. ਪਾਰਕ ਲਈ 40.00 ਏਕੜ ਭੌਂ ਅਲਾਟ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਤੇ ਕੀਤੀ ਗਈ ਕਾਰਵਾਈ ਦੀ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ਅਤੇ 5% ਹਿੱਸਾ ਪ੍ਰਬੰਧਕੀ ਖਰਚਿਆਂ ਦੀ ਪੂਰਤੀ ਲਈ ਸੂਚਨਾ ਅਤੇ ਤਕਨਾਲੋਜੀ ਵਿਭਾਗ ਨੂੰ ਦੇਣ ਸਬੰਧੀ ਤਜਵੀਜ ਦੀ ਵੀ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 16.07

**ਨਾਲੇਜ ਸਿਟੀ, ਸੈਕਟਰ 81 ਲਈ ਫੰਡਜ਼ ਉਪਲੱਬਧ ਕਰਵਾਉਣ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.08

**ਵੱਖ-2 ਬੈਂਕਾਂ ਤੋਂ 1000 ਕਰੋੜ ਰੁਪਏ ਤੱਕ ਦੀ ਓਵਰ ਡਰਾਫਟ ਲਿਮਿਟ ਲੈਣ ਸਬੰਧੀ ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.09

**ਈਕੋ ਸਿਟੀ ਅਤੇ ਸੈਕਟਰ 88-89 ਦੀ ਲੈਂਡ ਪੂਲਿੰਗ ਸਕੀਮ ਅਧੀਨ ਜਾਰੀ ਕੀਤੇ ਗਏ ਰਿਹਾਇਸ਼ੀ ਰਕਬੇ ਦੇ ਸਪੈਸ਼ਲ ਐਲ.ਓ.ਆਈ.ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.10

**ਸਾਲ 2011-12 ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਸਬੰਧੀ ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 16.11**

**ਸਿਵਲ ਰਿੱਟ ਪਟੀਸ਼ਨ ਨੰਬਰ 9798 ਆਫ 2007 ਪੁੱਡਾ ਬਨਾਮ ਸੇਰ ਸਿੰਘ ਅਤੇ ਹੋਰ।**

ਵਿਚਾਰ ਵਟਾਂਦਰੇ ਉਪਰੰਤ ਸ੍ਰੀ ਸੇਰ ਸਿੰਘ ਨੂੰ ਉਸ ਦੀ ਅਕੁਆਇਰ ਕੀਤੀ 5 ਕਨਾਲ 10 ਮਰਲੇ ਜਮੀਨ ਦੇ ਬਦਲੇ 500 ਵ:ਗ: ਦਾ ਪਲਾਟ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ, ਕਿਉਂਕਿ ਔਸਟੀ ਪਾਲਿਸੀ ਅਧੀਨ ਵਧ ਤੋਂ ਵਧ 500 ਵ:ਗ: ਦਾ ਪਲਾਟ ਹੀ ਅਲਾਟ ਕੀਤਾ ਜਾ ਸਕਦਾ ਹੈ।

ਮੱਦ ਨੰ: 16.12

ਸੈਕਟਰ 65 ਵਿਖੇ ਵਿਕਸਤ ਕੀਤੇ ਜਾ ਰਹੀ ਗੋਲਫ ਰੇਂਜ ਨੂੰ ਚਲਾਉਣ ਸਬੰਧੀ ਸਰਤਾਂ ਨਿਰਧਾਰਤ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.13

**ਈਕੋਸਿਟੀ-2 ਅਤੇ ਮੈਡੀਸਿਟੀ-2 ਲਈ ਭੌ ਪ੍ਰਾਪਤੀ ਅਤੇ ਵਿਕਾਸ ਵਾਸਤੇ ਕਰਜ਼ਾ ਲੈ ਕੇ ਫੰਡਜ਼ ਦਾ ਪ੍ਰਬੰਧ ਕਰਨ ਬਾਰੇ ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.14

**ਇਰੀਗੇਸ਼ਨ ਵਿਭਾਗ ਦੀ ਜ਼ਮੀਨ (ਦਸ਼ਮੇਸ਼ ਕਨਾਲ) ਗਮਾਡਾ ਨੂੰ ਤਬਦੀਲ ਕਰਨ ਸਬੰਧੀ ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.15

**ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਮੈਮੋਰੀਅਲ ਸਥਾਪਿਤ ਕਰਨ ਲਈ ਲਾਗਤ ਵਿੱਚ ਵਾਧਾ ਹੋਣ ਕਾਰਣ ਵਾਧੂ ਫੰਡਜ਼ ਮੁਹਈਆ ਕਰਵਾਉਣ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 16.16

**ਆਈ.ਟੀ.ਸਿਟੀ, ਐਸ.ਏ.ਐਸ. ਨਗਰ ਵਿਖੇ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਕਰਨ ਸਬੰਧੀ ਪਾਲਿਸੀ ਤਿਆਰ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 16.17

**ਪੂਰਬ ਪ੍ਰੀਮੀਅਮ ਅਪਾਰਟਮੈਂਟ- II, ਸੈਕਟਰ-88, ਐਸ.ਏ.ਐਸ. ਨਗਰ ਵਿੱਚ ਵੱਖ ਵੱਖ ਕੈਟਾਗਰੀਆਂ ਦੇ 160 ਅਪਾਰਟਮੈਂਟਾਂ ਦੀ ਲਾਂਚ ਕੀਤੀ ਸਕੀਮ ਦੀ ਕਾਰਜਬਾਅਦ ਪ੍ਰਵਾਨਗੀ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 16.18

**ਸ਼ਹਿਰੀ ਮਿਲਖ ਮੋਹਾਲੀ ਦੇ ਸੈਕਟਰ 53 ਵਿੱਚ ਸਹੀਦ ਉਧਮ ਸਿੰਘ ਟਰੱਸਟ ਨੂੰ ਅਲਾਟ ਕੀਤੀ ਗਈ ਭੌਂ ਸਬੰਧੀ।**

ਅਥਾਰਿਟੀ ਵੱਲੋਂ ਕੇਸ ਦੇ ਸਾਰੇ ਤੱਥ ਨੋਟ ਕਰਨ ਉਪਰੰਤ ਮਹਿਸੂਸ ਕੀਤਾ ਗਿਆ ਕਿ ਇਹ ਭੌਂ ਚੈਰੀਟੇਬਲ ਟਰੱਸਟ ਨੂੰ ਅਲਾਟ ਕੀਤੀ ਗਈ ਸੀ ਅਤੇ ਟਰੱਸਟ ਵੱਲੋਂ ਇਸ ਭੌਂ ਤੇ ਕਾਫੀ ਉਸਾਰੀ ਵੀ ਕੀਤੀ ਹੋਈ ਹੈ। ਇਸ ਸਟੇਜ ਤੇ ਟਰੱਸਟ ਤੋਂ ਭੌਂ ਦਾ ਕਬਜਾ ਲੈਣਾ ਉਚਿਤ ਨਹੀਂ ਹੋਵੇਗਾ। ਅਥਾਰਿਟੀ ਨੇ ਇਹ ਭੌਂ ਟਰੱਸਟ ਨੂੰ 1540 ਰੁਪਏ ਪ੍ਰਤੀ ਵ:ਗ: ਦੀ ਦਰ ਨਾਲ ਪੁਰਾਣੀ ਮਿਤੀ 16-12-1999 ਤੋਂ ਮੁੜ ਅਲਾਟ ਕਰਨ ਅਤੇ ਬਣਦੇ ਵਿਆਜ ਦੀ ਰਕਮ ਵਸੂਲਣ ਦਾ ਫੈਸਲਾ ਕੀਤਾ ਗਿਆ। ਟਰੱਸਟ ਦੀ ਮਾਲੀ ਹਾਲਤ ਅਤੇ ਇਸ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਧਿਆਨ ਵਿੱਚ ਰਖਦੇ ਹੋਏ ਕੇਵਲ ਪਨੈਲਟੀ ਦੀ ਰਕਮ ਮੁਆਫ ਕਰਨ ਦਾ ਵੀ ਫੈਸਲਾ ਕੀਤਾ ਗਿਆ। ਅਥਾਰਿਟੀ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਫੈਸਲਾ ਅੱਗੋ ਲਈ ਹੋਰ ਕੇਸਾਂ ਲਈ ਉਦਾਹਰਣ ਨਹੀਂ ਬਣੇਗਾ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ, ਪੰਜਾਬ-
ਕਮ-ਚੇਅਰਮੈਨ ਗਮਾਡਾ